19page7.qxd 4/20/2025 11:07 PM Page 1

ਸਫ਼ਾ 1 ਦੀਆਂ ਬਾਕੀਆਂ

ਬਾਬਾ ਨਾਨਕ ਜੀ ਦੇ 556ਵੇਂ ਅਸਲ ਪ੍ਰਕਾਸ਼ ਪੁਰਬ ਮੌਕੇ 'ਉੱਚਾ ਦਰ ਬਾਬੇ ਨਾਨਕ ਦਾ' ਤੇ ਹੋਈਆਂ ਗੋਸ਼ਟੀਆਂ

ਵਾਸਤੇ ਹਰ ਹਰਬਾ ਅਪਣਾਇਆ ਪਰ ਉਨ੍ਹਾਂ ਦੀ ਮਿਹਨਤ, ਲਗਨ ਤੇ ਇਰਾਦਾ ਬਾਬੇ ਨਾਨਕ ਪ੍ਰਤੀ ਐਨਾ ਸੰਚਾ ਸੀ ਕਿ ਉਹ ਸਫ਼ਲ ਹੋ ਗਏ। ਉਨ੍ਹਾਂ ਕਿਹਾ, "ਰੋਜ਼ਨਾਮਾ ਸਪੋਕਸਮੈਨ ਨੂੰ ਸ. ਜੋਗਿੰਦਰ ਸਿੰਘ ਦਾ ਵਰਗਾ ਦਾ ਅਖਬਾਰ ਬਣਾਇਆ ਹੈ। ਇਸੇ ਕਾਰਨ ਇਹ ਲੇਖਾਂ ਲੋਕਾਂ ਵਲੋਂ ਪੜ੍ਹਿਆ ਜਾਂਦਾ ਹੈ। ਇਹ ਵੀ ਭੇਤਾਂ ਅਤੇ ਦੀ ਗੱਲ ਹੈ ਤੇ ਅਜਿਹੀ ਸਿਆਣ ਕਿਤੇ ਨਹੀਂ ਮਿਲਦੀ ਕਿ ਇਕ ਐਨੇ ਵੱਡੇ ਅਖਬਾਰ ਅਤੇ ਚੋਨਲ ਦੀ ਵਾਗਡੋਰ ਦੋ ਔਰਤਾਂ, ਸਰਦਾਰਨੀ ਜਗਜੀਤ ਕੌਰ ਤੇ ਨਿਮਰਤ ਕੌਰ, ਦੇ ਹਵਾਲੇ ਕਰ ਦਿਤੀ ਹੋਵੇ। ਭਾਵੇਂ ਮੀਡੀਆ ਨੂੰ ਮਰਦਾਂ ਦਾ ਖੇਤਰ ਹੀਆਂ ਸਮਝਿਆ ਜਾਂਦਾ ਹਾਂ ਪਰ ਉਨ੍ਹਾਂ ਨੇ ਅਪਣੇ ਪਿਤਾ ਦੇ ਜਾਣ ਤੋਂ ਬਾਅਦ ਅਪਣੇ ਕੰਮ ਨੂੰ ਚੰਗੀ ਤਰ੍ਹਾਂ ਸਮਝਿਆ ਤੇ ਸੰਭਾਲਿਆ ਹੈ।" ਉਨ੍ਹਾਂ ਕਿਹਾ ਕਿ ਨਿਮਰਤ ਕੌਰ ਦੀ ਹਰ ਮੁੱਦੇ 'ਤੇ ਸਟੀਕ ਪਕੜ ਤੇ ਵੱਡੇ ਵਵਾਲ ਇਹ ਦਸਦੇ ਹਨ ਕਿ ਉਨ੍ਹਾਂ ਨੇ ਅਪਣੇ ਪਿਤਾ ਤੋਂ ਪੱਤਰਕਾਰਤਾ, ਭਾਸ਼ਾ ਤੇ ਲੋਕ ਮਨਾਂ ਨੂੰ ਸਹਿਜੇ ਪੜ੍ਹਨ ਦਾ ਚੰਗਾ ਗਿਆਨ ਹਾਸਲ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸ. ਜੋਗਿੰਦਰ ਸਿੰਘ ਜਿਥੇ ਪੰਥ ਚਿੰਤਕ, ਵਿਦਵਾਨ ਤੇ ਭਾਸ਼ਾ ਮਾਹਰ ਸਨ ਉਥੇ ਅਪਣੇ ਲੇਖਾਂ ਤੇ ਸੰਪਾਦਕੀਆਂ ਵਿਚ ਅਪਣੀ ਪਤਨੀ ਤੇ ਪੁੱਤਰੀ ਦੀ ਮਿਸਾਲ ਅਪਣੇ ਸੰਘਰਸ਼ ਵਿਚ ਸੰਭਾ ਤੇ ਪਹਿਲਾਂ ਦਿੰਦੇ ਰਹੇ ਹਨ। ਡਾ. ਗੁਰਪ੍ਰੀਤ ਕੌਰ ਨੇ ਆਖਿਆ ਕਿ ਬੇਸ਼ੱਕ ਉਹ ਸ. ਜੋਗਿੰਦਰ ਸਿੰਘ ਨੂੰ ਮਿਲ ਨਹੀਂ ਸਕੇ ਪਰ ਉਨ੍ਹਾਂ ਦੀਆਂ ਲਿਖਤਾਂ ਹਮੇਸ਼ਾ ਪੜ੍ਹਨ ਦਾ ਮੌਕਾ ਮਿਲਦਾ ਰਿਹਾ ਹੈ। ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਅਤੇ 'ਆਪ' ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਇਸ ਮੌਕੇ ਕਿਹਾ, "ਸ. ਜੋਗਿੰਦਰ ਸਿੰਘ ਵੱਡਾ ਅਨਮੋਲ ਸੀ ਕੁਦਨੀਆਂ ਵਿਚ ਆਏ ਸਨ। ਉਹ ਕਰਮਯੋਗੀ ਤੇ ਬਾਬਾ ਨਾਨਕ ਜੀ ਦੀ ਬਾਣੀ ਬਾਰੇ ਸੰਚੀ ਆਸਥਾ ਰੱਖਣ ਵਾਲੇ ਸਿੱਖ ਤੇ ਮਹਾਨ ਵਿਦਵਾਨ ਸਨ।" ਉਨ੍ਹਾਂ ਕਿਹਾ, "ਮਰਹੂਮ ਸੰਪਾਦਕ ਸ. ਜੋਗਿੰਦਰ ਸਿੰਘ ਤੇ ਬੀਬੀ ਜਗਜੀਤ ਕੌਰ ਕੋਲੋਂ ਮੈਨੂੰ ਮਾਂ-ਪਿਉ ਵਰਗਾ ਨਿੱਘ ਮਿਲਿਆ ਹੈ। ਉਨ੍ਹਾਂ ਨੇ ਜੋ ਅਜੂਬਾ 'ਉੱਚਾ ਦਰ...' ਦੇ ਰੂਪ ਵਿਚ ਸੰਸਾਰ ਨੂੰ ਦਿਤਾ ਹੈ ਉਥੋਂ ਬਾਬੇ ਨਾਨਕ ਦੀ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੇ ਸੰਦੇਸ਼ ਦੀ ਰੂਹ ਦਿਸਦੀ ਹੈ। ਅਸਲ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਵਿਚ ਹੀ ਜਿੰਦਗੀ ਦਾ ਅਸਲ ਮਨੋਰਥ ਤੇ ਸੰਕਲਪ ਲੁਕਿਆ ਹੋਇਆ ਹੈ ਜੋ ਬਾਬੇ ਨਾਨਕ ਨੇ ਸਮੁੱਚੀ ਲੋਕਾਈ ਨੂੰ ਬੰਟ ਕੀਤਾ ਹੈ। ਉੱਚਾ ਦਰ... ਦੀ ਪ੍ਰਕੰਜਸ ਧਰਤੀ 'ਤੇ ਬਾਬੇ ਨਾਨਕ ਦੀ ਬਾਣੀ ਨੂੰ ਵਿਗਿਆਨਕ, ਅਧਿਆਤਮਕ ਤੇ ਧਾਰਮਕ ਦ੍ਰਿਸ਼ਟੀਕੋਣ ਦਾ ਸੰਦੇਸ਼ ਮਿਲਦਾ ਹੈ।" ਇਸ ਮੌਕੇ ਸੀਨੀਅਰ ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, "ਅਸੀਂ ਸ. ਜੋਗਿੰਦਰ ਸਿੰਘ ਨਾਲ ਬੈਠ ਕੇ ਕਈ ਘੰਟੇ ਗੱਲਾਂ ਕਰਦੇ ਸੀ। ਉਨ੍ਹਾਂ ਨੂੰ ਪੰਜਾਬ ਦੀ ਬਹੁਤ ਫਿਕਰ ਸੀ। ਜੋਗਿੰਦਰ ਸਿੰਘ ਹਮੇਸ਼ਾ ਬਾਬੇ ਨਾਨਕ ਦੀ ਬਾਣੀ ਦੇ ਹਵਾਲੇ ਨਾਲ ਹੀ ਗੰਭੀਰ ਕਰਦੇ ਸਨ। ਮਰਹੂਮ ਜੋਗਿੰਦਰ ਸਿੰਘ ਹਮੇਸ਼ਾ ਬਾਬਾ ਨਾਨਕ ਦੀ ਵਿਚਾਰਧਾਰਾ ਉੱਤੇ ਪਹਿਰਾ ਦਿੰਦੇ ਸਨ।"

ਇਸ ਮੌਕੇ ਕੈਬਨਿਟ ਮੰਤਰੀ ਤਰੁਣਪ੍ਰੀਤ ਸੋਂਦ ਨੇ ਕਿਹਾ, "ਸਾਨੂੰ ਅੱਜ ਬੀਬੀ ਨਿਮਰਤ ਕੌਰ ਰਾਹੀਂ ਇਥੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਅੱਜ ਗੁਰੂ ਨਾਨਕ ਦੇਵ ਜੀ ਦੇ ਅਸਲ ਪ੍ਰਕਾਸ਼ ਦਿਹਾੜੇ ਸਮਾਗਮ ਵਿਚ ਹਾਜ਼ਰੀ ਭਰੀ ਹੈ। ਪੰਜਾਬ ਗੁਰੂਆਂ ਦੇ ਨਾਮ 'ਤੇ ਵਸਦਾ ਹੈ। ਗੁਰਾਂ ਦੀ ਬਾਣੀ ਪੰਜਾਬ ਦੀ ਫਿਜ਼ਾ 'ਚ ਕਣ-ਕਣ 'ਚ ਘੁਲੀ ਹੋਈ ਹੈ। ਜੋ ਗੁਰੂ ਨਾਨਕ ਦੇਵ ਜੀ ਮਾਰਗ ਦੱਸ ਕੇ ਗਏ ਹਨ ਅਸੀਂ ਉਸ 'ਤੇ ਅਮਲ ਕਰੀਏ, ਅਤੇ ਸਮਾਜ ਦੀ ਸੇਵਾ ਕਰਨ ਦੀ ਲਲ਼ ਬੁੱਧੀ ਬਖਸ਼ਣ। ਇਮਾਨਦਾਰੀ ਨਾਲ ਕੰਮ ਕਰਨ ਦੀ ਹਿਮਤ ਦੇਣ। ਇਸ ਤਰੀਕੇ ਨਾਲ ਦੇਸ਼ ਦੀ ਸੇਵਾ ਕਰ ਸਕੀਏ।"

ਅਖੰਡ ਸੰਕੀਰਤਨ ਵਿਚ ਭਾਈ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਕਿ ਉਹ ਸ. ਜੋਗਿੰਦਰ ਸਿੰਘ ਤੇ ਰੋਜ਼ਾਨਾ ਸਪੋਕਸਮੈਨ ਦੀ ਵਿਚਾਰਧਾਰਾ ਨੂੰ ਹੁੰਮਹਾ ਪੜ੍ਹਦੇ ਰਹੇ ਹਨ। ਉਨ੍ਹਾਂ ਕਿਹਾ, "ਸ. ਜੋਗਿੰਦਰ ਸਿੰਘ ਨੇ ਸੱਚ ਲਿਖਣ ਦਾ ਬੜਾ ਵੱਡਾ ਮੂਲ ਚੁਕਾਇਆ ਹੈ ਜਿਸ ਕਰ ਕੇ ਉਨ੍ਹਾਂ ਨੂੰ ਪੰਥ ਵਿਚੋਂ ਵੀ ਛੇਕ ਦਿਤਾ ਗਿਆ ਪਰ ਉਨ੍ਹਾਂ ਨੇ ਕਦੇ ਵੀ ਪੰਥ ਦੇ ਹਿੱਤਾਂ ਤੇ ਪੰਥਕ ਮੁੱਦਿਆਂ ਬਾਰੇ ਸਲਾਹ ਦੇਣ ਤੇ ਉਨ੍ਹਾਂ ਬਾਰੇ ਲਿਖਣ ਤੋਂ ਟਾਲਾ ਨਹੀਂ ਵਟਿਆ।" ਮਾਝੀ ਨੇ ਇਹ ਵੀ ਕਿਹਾ ਕਿ ਉਹ ਰੋਜ਼ਾਨਾ ਸਪੋਕਸਮੈਨ ਨੂੰ ਛੋਟੀ ਉਮਰ ਤੋਂ ਹੀ ਪੜ੍ਹਦੇ ਸਨ। ਉਨ੍ਹਾਂ ਕਿਹਾ ਕਿ ਜੋਗਿੰਦਰ ਸਿੰਘ ਨੇ ਸੋ ਵਿਚਾਰ ਗੁਰਬਾਣੀ ਪ੍ਰਤੀ ਦਿਤੇ ਹਨ ਉਹ ਭਾਵੇਂ ਸਮੇਂ ਦੇ ਹਾਕਮਾਂ ਤੇ ਧਰਮ ਦੇ ਠੇਕੇਦਾਰਾਂ ਨੂੰ ਸਮਝ ਨਾ ਆਏ ਹੋਣ ਪਰ ਇਹ ਸਿੱਖਾਂ, ਸੰਤ ਪੱਖੀ ਲੋਕਾਂ ਨੂੰ ਹੀ ਹਜ਼ਮ ਆਉਂਦੀ ਹੁੰਦੀ ਹੈ। ਉਨ੍ਹਾਂ ਹਮਾਂ ਪਰਿਵਰਤਨ ਅਤੇ ਪਖੰਡਵਾਦ ਬਾਰੇ ਸ. ਜੋਗਿੰਦਰ ਸਿੰਘ ਤੇ ਸਪੋਕਸਮੈਨ ਦੀ ਵਿਚਾਰਧਾਰਾ ਨੂੰ ਖੁਲ੍ਹ ਕੇ ਬਿਆਨ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਅਦਾਰਾ ਅਜੀਤ ਦੇ ਟਰੱਸਟੀ ਮੈਂਬਰ ਸੁਰਿੰਦਰ ਸਿੰਘ ਵਿਰਦੀ ਨੇ ਕਿਹਾ, "ਮੈਂ ਸਾਹਨੀ ਪ੍ਰਵਾਰ ਨਾਲ ਪਰਵਾਰਕ ਸਾਂਝ ਕਾਰਨ ਸਮਾਗਮ ਵਿਚ ਸ਼ਮੂਲੀਅਤ ਕਰਨ ਆਇਆ ਹਾਂ ਅਤੇ ਅੱਜ ਅਦਾਰਾ ਰੋਜ਼ਾਨਾ ਸਪੋਕਸਮੈਨ ਜੋਗਿੰਦਰ ਸਿੰਘ ਦੀ ਦ੍ਰਿਸ਼ਤਾ ਅਤੇ ਮਿਹਨਤ ਕਾਰਨ ਸਫਲਤਾਪੂਰਵਕ ਚਲ ਰਿਹਾ ਹੈ। ਅਦਾਰੇ ਦੀ ਐਮ.ਡੀ. ਬੀਬੀ ਜਗਜੀਤ ਕੌਰ ਤਾਊਸ਼ ਅਤੇ ਪਤੀ ਜੋਗਿੰਦਰ ਸਿੰਘ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਉਨ੍ਹਾਂ ਦੀ ਤਾਕਤ ਬਣੇ ਰਹੇ।"

ਇਸ ਮੌਕੇ ਪੰਜਾਬ ਸਰਕਾਰ ਦੇ ਟੂਰਿਜ਼ਮ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਭਾਵੇਂ ਅੱਜ ਸਪੋਕਸਮੈਨ ਦੇ ਸੰਸਥਾਪਕ ਜੋਗਿੰਦਰ ਸਿੰਘ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ ਹਨ ਪਰ ਇਕ ਵਿਚਾਰਧਾਰਾ ਦੇ ਤੌਰ 'ਤੇ ਉਹ ਹਮੇਸ਼ਾਂ ਜਿੰਦਾ ਰਹਿਣਗੇ। ਉਨ੍ਹਾਂ ਜੋਗਿੰਦਰ ਸਿੰਘ ਨੂੰ ਅਪਣੇ ਪਿਤਾ ਸਾਮਨ ਕਰਾਰ ਦਿੱਤਿਆਂ ਕਿਹਾ, "ਬੰਦਾ ਸਮਾਜ ਵਿਚ ਵਿਚਰਦਾ, ਬੋਲਦਾ, ਵਿਹਾਰ ਕਰਨਾ ਪਿਤਾ ਤੋਂ ਹੀ ਸਿੱਖਦਾ ਹੈ ਅਤੇ ਮੈਂ ਵੀ ਸ. ਜੋਗਿੰਦਰ ਸਿੰਘ ਤੋਂ ਬਹੁਤ ਕੁੱਝ ਸਿੱਖਿਆ ਸਾ। ਸ. ਜੋਗਿੰਦਰ ਸਿੰਘ ਸੀਰਤਾਸ਼ ਦਾ ਸੋਮਾ ਸਨ ਅਤੇ ਉਨ੍ਹਾਂ ਕੋਲ ਸਿੱਖ ਇਤਿਹਾਸ ਬਾਰੇ ਅਥਾਹ ਜਾਣਕਾਰੀ ਸੀ।"

ਭਾਰਤ ਤੇ ਸਾਬਕਾ ਚੀਫ਼ ਕਮਿਸ਼ਨਰ ਜਸਜੀਤ ਸਿੰਘ ਆਹਲੂਵਾਲੀਆ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਰਾਹੀਂ ਜੋ ਸਿਖਿਆਵਾਂ ਦਿਤੀਆਂ ਸ. ਜੋਗਿੰਦਰ ਸਿੰਘ ਨੇ ਅਪਣਾ ਜੀਵਨ ਅਮਲੀ ਰੂਪ ਵਿਚ ਉਨ੍ਹਾਂ ਦੀਆਂ ਸਿਖਿਆਵਾਂ 'ਤੇ ਚਲ ਕੇ ਜੀਵਿਆ। ਉਨ੍ਹਾਂ ਸ. ਜੋਗਿੰਦਰ ਸਿੰਘ ਦੀ ਅਗੇਰਲੀ ਤੇ ਪੰਜਾਬੀ ਭਾਸ਼ਾ ਬਾਰੇ ਗਿਆਨ ਤੇ ਮੁਹਾਰਤ ਬਾਰੇ ਵੀ ਅਪਣੇ ਵਿਚਾਰ ਰੱਖੇ।

ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਅਦਾਰੇ ਦੇ ਸੰਸਥਾਪਕ ਸ. ਜੋਗਿੰਦਰ ਸਿੰਘ ਵਲੋਂ ਉਨ੍ਹਾਂ ਨੂੰ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਉਨ੍ਹਾਂ ਵਲੋਂ ਉਨ੍ਹਾਂ ਦੀਆਂ ਲਿਖਤਾਂ ਨੂੰ ਅਪਣੇ ਅਖ਼ਬਾਰ ਅਤੇ ਰਸਾਲੇ ਵਿਚ ਵਿਸ਼ੇਸ਼ ਥਾਂ ਦਿਤੀ ਜਾਂਦੀ ਰਹੀ ਅਤੇ ਤੁਣ ਵੀ ਦਿਤੀ ਜਾ ਰਹੀ ਹੈ।

ਸਾਗਾ ਮਿਊਜ਼ਿਕ ਕੰਪਨੀ ਦੇ ਐਮ.ਡੀ. ਗੁਰਬਖ਼ਸ਼ ਸਿੰਘ ਮਨਚੰਦਾ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਸ. ਜੋਗਿੰਦਰ ਸਿੰਘ ਦਾ ਸਾਰਾ ਜੀਵਨ ਬਾਬੇ ਨਾਨਕ ਦੀਆਂ ਸਿਖਿਆਵਾਂ 'ਤੇ ਚਲਦੇ ਹੋਏ ਬੀਤਿਆ ਅਤੇ ਉਨ੍ਹਾਂ ਅਪਣੀ ਜੀਵਨ ਦੀ ਸਾਰੀ ਲੜਾਈ ਕਲਮ ਨਾਲ ਲੜੀ। ਇਸ ਮੌਕੇ 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਜੋਗਿੰਦਰ ਸਿੰਘ ਸਾਧਨੀ ਵਰਗੇ ਬੰਦੇ ਕਦੇ ਕਦੇ ਜੰਮਦੇ ਹਨ ਜੋ ਕਲਮ ਤੋਂ ਬੰਦੂਕ ਦਾ ਕੰਮ ਲੈਂਦੇ ਹਨ। ਉਨ੍ਹਾਂ ਕਿਹਾ ਕਿ ਸ. ਜੋਗਿੰਦਰ ਸਿੰਘ ਸਾਧਨੀ ਨੇ ਉਸ ਸਮੇਂ ਉਨ੍ਹਾਂ ਦਾ ਸਾਥ ਦਿਤਾ ਜਦੋਂ ਉਨ੍ਹਾਂ ਨੂੰ ਇਕ ਨਿਜੀ ਕੰਪਨੀ ਦੇ ਉਨ੍ਹਾਂ ਅਹੁਦੇ ਤੋਂ ਨੌਕਰੀ ਵਿਚੋਂ ਕੱਢ ਦਿਤਾ ਗਿਆ। ਉਨ੍ਹਾਂ ਅਖ਼ਬਾਰੀ ਸਰਕਾਰ 'ਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਅਖ਼ਬਾਰੀ ਸਰਕਾਰ ਸਮੇਂ ਰੋਜ਼ਨਾਮਾ ਸਪੋਕਸਮੈਨ ਦੇ ਸੰਸਥਾਪਕ ਜੋਗਿੰਦਰ ਸਿੰਘ 'ਤੇ ਝੂਠਾ ਪਰਚਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ, "ਜੇ ਮੈਂ ਅੱਜ ਵਿਧਾਇਕ ਹਾਂ ਤਾਂ ਇਸ ਪਾਪਤੀ ਪਿੱਛੇ ਜਿਥੇ ਇਲਾਕੇ ਦੇ ਲੋਕਾਂ ਦਾ ਹੱਥ ਹੈ ਉੱਥੇ ਸਪੋਕਸਮੈਨ ਦਾ ਵੀ ਬਹੁਤ ਵੱਡਾ ਯੋਗਦਾਨ ਹੈ।"

ਖਿੲਲ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਅਪਣੇ ਸੰਬੋਧਨ ਵਿਚ ਕਿਹਾ ਕਿ ਉਹ 1984 ਤੋਂ ਅਦਾਰਾ ਸਪੋਕਸਮੈਨ ਜੁੜੇ ਹੋਏ ਹਨ ਅਤੇ ਅੱਜ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਉਹ 'ਉੱਚਾ ਦਰ ਬਾਬੇ ਨਾਨਕ ਦਾ' ਨਾਮ ਦੀ ਸੰਸਥਾ ਵਿਚ ਹੋ ਰਹੇ ਸਮਾਗਮ ਵਿਚ ਬੈਠੇ ਹਨ। ਉਨ੍ਹਾਂ ਕਿਹਾ, "ਇਹ ਅਦਾਰਾ ਆਮ ਲੋਕਾਂ ਦਾ ਹੈ।" ਉਨ੍ਹਾਂ ਸਪੋਕਸਮੈਨ ਦੀ ਮੈਨੇਜਿੰਗ ਐਡੀਟਰ ਨਿਮਰਤ ਕੌਰ ਨੂੰ ਕਲਮ ਦੀ ਧਨੀ ਕਰਾਰ ਦਿਤਾ।

ਆਦੇਸ਼ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾਕਟਰ ਗੁਰਪ੍ਰੀਤ ਇੰਦਰ ਸਿੰਘ ਨੇ ਨਾਨਕ ਵਿਚਾਰ ਸੰਮੇਲਨ ਵਿਚ ਆਈਆਂ ਸੰਗਤਾਂ ਦਾ ਧਨਵਾਦ ਕਰਦਿਆਂ ਕਿਹਾ ਕਿ ਸ. ਜੋਗਿੰਦਰ ਸਿੰਘ ਅਤੇ ਨਿਮਰਤ ਕੌਰ ਦੇ ਲੇਖ ਸ਼ਲਾਘਾਯੋਗ ਅਤੇ ਉਸਾਰੂ ਜੋਰ ਵਾਲੀ ਪਹੁੰਚ ਵਾਲੇ ਹੁੰਦੇ ਹਨ।

ਸਮਾਗਮ ਵਿਚ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਤੇ ਚੰਡੀਗੜ੍ਹ ਤੋਂ ਵੱਖ ਵੱਖ ਰਾਜਸੀ, ਸਮਾਜਕ ਤੇ ਧਾਰਮਕ ਸੰਗਠਨਾਂ ਦੇ ਨੇਤਾ ਅਤੇ ਨੁਮਾਇੰਦੇ ਵੱਡੀ ਗਿਣਤੀ ਵਿਚ ਪਹੁੰਚੇ। ਇਸ ਮੌਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪਹੁੰਚੇ ਬੱਚਿਆਂ ਦੇ ਚਿੱਤਰਕਾਰੀ ਅਤੇ ਲੇਖ ਮੁਕਾਬਲੇ ਵੀ ਕਰਵਾਏ ਗਏ ਅਤੇ ਮਰਹੂਮ ਜੋਗਿੰਦਰ ਸਿੰਘ ਵਲੋਂ ਲਿਖੀਆਂ ਅਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪਰੰਪਰਾਏ ਅਨੁਸਾਰ ਸਾਧਮਤਾਲ ਦੇ ਡਾਕਟਰਾਂ ਦੀ ਟੀਮ ਵਲੋਂ ਅੱਖਾਂ ਦੀ ਮਾਹਰ ਡਾਕਟਰ ਸ਼ੀਤਲ ਬਲਾਤਾ ਦੀ ਅਗਵਾਈ ਵਿਚ ਸਮਾਗਮ ਵਿਚ ਆਈਆਂ ਸੰਗਤਾਂ ਦੀਆਂ ਅੱਖਾਂ ਦੀ ਮੁਫ਼ਤ ਜਾਂਚ ਕੀਤੀ ਗਈ। ਇਸ ਸਮਾਗਮ 'ਚ ਵੇਰਕਾ (ਮਿਲਕਫੈਡ) ਦੇ ਬੈਵਰੇਜ ਪਾਰਟਨਰ ਵਜੋਂ ਭੂਮਿਕਾ ਨਿਭਾਈ ਅਤੇ ਪਹੁੰਚੀਆਂ ਹੋਈਆਂ ਸੰਗਤਾਂ ਵਾਸਤੇ ਮਿਠੀ ਅਤੇ ਨਮਕੀਨ ਲੱਸੀ ਦੇ 2500 ਟੈਟਰਾ ਪੈਕ ਮੁਫ਼ਤ ਪ੍ਰਦਾਨ ਕੀਤੇ।

ਜੰਮੂ-ਕਸ਼ਮੀਰ ਦੇ ਰਾਮਬਨ 'ਚ ਭਾਰੀ ਮੀਂਹ ਨੇ ਮਚਾਈ ਤਬਾਹੀ

ਅੱਸ਼ਲ ਨੁਕਸਾਨ ਹੋਇਆ। ਅਧਿਕਾਰੀਆਂ ਨੇ ਦਸਿਆ ਕਿ ਲਗਾਤਾਰ ਮੀਂਹ ਅਤੇ ਬੱਦਲ ਫਟਣ ਦੇ ਬਾਵਜੂਦ ਮੋਕੇ 'ਤੇ ਪਹੁੰਚੇ ਪੁਲਿਸ ਕਰਮਚਾਰੀਆਂ ਨੇ ਫਸੇ 100 ਤੋਂ ਵੱਧ ਪਿੰਡ ਵਾਸੀਆਂ ਨੂੰ ਬਚਾਇਆ ਅਤੇ ਕਈ ਗੱਡੀਆਂ ਹੜ੍ਹ 'ਚ ਵਹਿ ਗਈਆਂ। ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦਸਿਆ ਕਿ ਭਾਰੀ ਮੀਂਹ, ਬੱਦਲ ਫਟਣ, ਹੋਜ਼ ਹਵਾਵਾਂ, ਜ਼ਮੀਨ ਖਿਸਕਣ ਅਤੇ ਗੜੇਮਾਰੀ ਕਾਰਨ ਪੂਰੇ ਜ਼ਿਲ੍ਹੇ ਵਿਚ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ, "ਅਸੀਂ ਸਥਿਤੀ ਦੀ ਨਿਗਰਾਨੀ ਕਰ ਰਹੇ ਹਾਂ ਅਤੇ ਪ੍ਰਭਾਵਤ ਆਬਾਦੀ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਬਾਅਦ 'ਚ ਮੁਲਾਂਕਣ ਕੀਤਾ ਜਾਵੇਗਾ।" ਨਾਮ ਨਾ ਦੱਸਣ ਦੀ ਸ਼ਰਤ 'ਤੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਮੇਂ ਉਨ੍ਹਾਂ ਦੀ ਤਰਜੀਹ ਜਾਨਾਂ ਬਚਾਉਣਾ ਹੈ। ਟੋਇਕਿ ਵਿਭਾਗ ਦੇ ਇਕ ਬੁਲਾਰੇ ਨੇ ਦਸਿਆ ਕਿ ਨਾਸ਼ੀ ਅਤੇ ਬਨਿਹਾਲ ਵਿਚਾਲੇ ਕਈ ਥਾਵਾਂ 'ਤੇ ਜ਼ਮੀਨ ਖਿਸਕਣ, ਜ਼ਮੀਨ ਖਿਸਕਣ ਅਤੇ ਪੱਥਰ ਡਿੱਗਣ ਕਾਰਨ ਜੰਮੂ-ਸ੍ਰੀਨਗਰ ਕੌਮੀ ਰਾਜਮਾਰਗ 'ਤੇ ਗੱਡੀਆਂ ਦੀ ਆਵਾਜਾਈ ਦੋਹੀਂ ਪਾਸਿਆਂ ਤੋਂ ਰੋਕ ਦਿਤੀ ਗਈ ਹੈ। ਉਨ੍ਹਾਂ ਕਿਹਾ ਕਿ ਹਾਈਵੇਅ ਤੋਂ ਮੀਹ ਜਾਰੀ ਹੈ ਅਤੇ ਮੁਸਾਫ਼ਰਾਂ ਨੂੰ ਸਲਾਹ ਦਿਤੀ ਗਈ ਹੈ ਕਿ ਜਦੋਂ ਤਕ ਮੌਸਮ 'ਚ ਸੁਧਾਰ ਨਹੀਂ ਹੁੰਦਾ ਅਤੇ ਸੜਕ ਸਾਫ਼ ਨਹੀਂ ਹੋ ਜਾਂਦੀ ਉਦੋਂ ਤਕ ਮੁੱਖ ਸੜਕ 'ਤੇ ਯਾਤਰਾ ਨਾ ਕਰਨ। ਅਧਿਕਾਰੀ ਨੇ ਕਿਹਾ ਕਿ ਕਸ਼ਮੀਰ ਨੂੰ ਜੋੜਨ ਵਾਲੀ ਇਕੋ-ਇਕ ਸੜਕ 250 ਕਿਲੋਮੀਟਰ ਲੰਮੇ ਹਾਈਵੇਅ 'ਤੇ ਸੋਕੜੇ ਮੁਸਾਫ਼ਰ ਫਸੇ ਹੋਏ ਹਨ। ਅਧਿਕਾਰੀਆਂ ਨੇ ਦਸਿਆ ਕਿ ਪੰਖਿਆਲ ਨੇੜੇ ਫਸੇ ਇਕ ਸੈਰ ਸਪਾਟ ਵਾਹਨ ਵਿਚ ਫਿਸਾ ਵੀ ਵਹਿ ਗਿਆ ਅਸੇ ਸਾਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। (ਪੀਟੀਆਈ)

ਮੋਦੀ-ਵੇਨਸ ਵਿਚਾਲੇ ਗੱਲਬਾਤ ਅੱਜ

ਦੇ ਕੁੱਝ ਘੰਟਿਆਂ ਬਾਅਦ ਕੀਤੇ ਜਾਣ ਅਤੇ ਉਨ੍ਹਾਂ ਦਾ ਪਰਵਾਰ ਸਵਾਮੀਨਾਰਾਇਣ ਅਕਸ਼ਰਧਾਮ ਮੰਦਰ ਜਾਣਗੇ ਅਤੇ ਵਵਾਇਤੀ ਭਾਰਤੀ ਹੱਥੀਂ ਤਿਆਰ ਸਮਾਨ ਵੇਚਣ ਵਾਲੇ ਸ਼ਾਪਿੰਗ ਕੰਪਲੈਕਸ ਜਾ ਸਕਦੇ